ਸਿਟੀ ਆਫ ਵੈਨਕੂਵਰ ਦਾ ਪਿਛਲੇ ਯਾਰਡ ‘ਚ ਰੱਖਣ ਵਾਲਾ ਕੰਪੋਸਟਰ ਇਕ ਵਿਸਥਾਰਤ ਮੈਨੂਅਲ ਸਮੇਤ ਆਉਂਦਾ ਹੈ। ਜੇਕਰ ਤੁਹਾਡੇ ਕੋਈ ਸਵਾਲ ਹੋਣ ਤਾਂ ਤੁਸੀਂ ਰਿਜ਼ਨਲ ਕੰਪੋਸਟ ਹਾਟਲਾਈਨ ਨੂੰ (ਕੇਵਲ ਅੰਗਰੇਜ਼ੀ ‘ਚ) (604) 736-2250 ‘ਤੇ ਫੋਨ ਵੀ ਕਰ ਸਕਦੇ ਹੋ। ਪਰੰਤੂ ਇਥੇ ਕੁਝ ਸੌਖੀਆਂ, ਸੰਖੇਪ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ ਜਿਹੜੀਆਂ ਤੁਹਾਨੂੰ ਝਟਪਟ ਕੰਪੋਸਟ ਕਰਨ ‘ਚ ਮਦਦ ਕਰਨਗੀਆਂ।

## ਗਿੱਲਾ ਅਤੇ ਸੁੱਕਾ, ਭੂਰਾ ਅਤੇ ਹਰਾ – ਸੌਖੀ ਕੰਪੋਸਟਿੰਗ ਰੈਸਿਪੀ

### ਕਦਮ ਇਕ
ਕੁਤਰੇ/ਟੁੱਕੇ ਨਾ ਜਾ ਸਕਣ ਵਾਲੇ ਇਕ ਕੰਪੋਸਟਰ ‘ਚ 8 ਤੋਂ 10 ਸੈ ਮੀ (3 ਤੋਂ 4 ਇੰਚ) ਡੂੰਘਾ ਪੱਤਿਆਂ ਦਾ ਇਕ ਆਧਾਰ ਬਣਾਉ।

### ਕਦਮ ਦੋ
ਹਰੇ ਅਤੇ ਭੂਰੇ ਪਦਾਰਥਾਂ ਦੀਆਂ ਬਦਲਵੀਆਂ ਤਹਿਆਂ ਬਣਾਉ। ਤਹਿਆਂ ਨੂੰ 5 ਤੋਂ 10 ਸੈ ਮੀ (2 ਤੋਂ 4 ਇੰਚ) ਡੂੰਘੀਆਂ ਰੱਖੋ।

ਆਮ ਹਰੇ (ਨਾਈਟ੍ਰੋਜਨ) ਪਦਾਰਥ ਹਨ ਘਾਹ, ਕੱਚੇ ਫਲ ਅਤੇ ਕੱਚੀਆਂ ਸਬਜ਼ੀਆਂ ਦੇ ਫੋਕਟ (ਗਿੱਲੇ) ਅਤੇ ਯਾਰਡ ਤੇ ਗਾਰਡਨ ਦੀ ਕਾਂਟਛਾਂਟ। ਤੇਜ਼ੀ ਨਾਲ ਗਾਲਣ ਵਾਸਤੇ ਵੱਡੇ ਟੁਕੜਿਆਂ ਨੂੰ ਕੱਟ ਦਿਉ। ਟਾਹਣੀਆਂ ਜਾਂ ਬੀਮਾਰੀ ਵਾਲੇ ਪੌਦੇ ਵਿਚ ਨਾ ਪਾਉ। ਉਨ੍ਹਾਂ ਨੂੰ ਚੁੱਕੇ ਜਾਣ ਲਈ ਸਿਟੀ ਦੇ ਯਾਰਡ ਦੀ ਕਾਂਟਛਾਂਟ ਵਾਲੀ ਬੱਘੀ ‘ਚ ਪਾ ਦਿਉ।

ਇਥੇ ਭੋਜਨ ਦੇ ਉਨ੍ਹਾਂ ਫੋਕਟਾਂ ਦੀ ਸੂਚੀ ਦਿੱਤੀ ਜਾਂਦੀ ਹੈ ਜਿਹੜੇ ਪਿਛਲੇ ਯਾਰਡ ਵਾਲੇ ਕੰਪੋਸਟਰ ‘ਚ ਵਰਤੇ ਜਾ ਸਕਦੇ ਹਨ: ਕੱਚੇ ਫਲ ਅਤੇ ਕੱਚੀਆਂ ਸਬਜ਼ੀਆਂ, ਡਰੈਸਿੰਗ ਤੋਂ ਬਗੈਰ ਸਬਜ਼ੀਆਂ ਦੇ ਸਲਾਦ ਵਾਲੀਆਂ ਚੀਜ਼ਾਂ, ਆਂਡਿਆਂ ਦੇ ਛਿਲਕੇ, ਕੌਫੀ ਵਾਲੇ ਫਿਲਟਰ, ਪੀਸੀ ਕੌਫੀ (ਇਕੋ ਵਾਰੀ ਬਹੁਤ ਜ਼ਿਆਦਾ ਨਹੀਂ) ਅਤੇ ਚਾਹ ਦੀਆਂ ਪੁੜੀਆਂ।

ਭੋਜਨ, ਜਿਹੜੇ ਕੰਪੋਸਟਰ ‘ਚ ਨਹੀਂ ਜਾਣੇ ਚਾਹੀਦੇ, ਉਹ ਹਨ ਮੀਟ, ਮੱਛੀ, ਹੱਡੀਆਂ, ਬਰੈੱਡ, ਚੌਲ਼, ਪਾਸਤਾ ਅਤੇ ਕੋਈ ਵੀ ਹੋਰ ਰਿੰਨ੍ਹੇ ਹੋਏ ਭੋਜਨ।

ਆਮ ਭੂਰੇ (ਕਾਰਬਨ) ਪਦਾਰਥ ਹਨ ਪੱਤਝੜ ਦੇ ਪੱਤੇ ਅਤੇ ਅਖਬਾਰੀ ਕਾਗਜ਼ਾਂ ਦੀਆਂ ਕਾਤਰਾਂ (ਸੁੱਕੀਆਂ)। ਸਾਰਾ ਸਾਲ ਵਰਤਣ ਲਈ ਪੱਤਿਆਂ ਨੂੰ ਪਲਾਸਟਿਕ ਦੇ ਬੈਗਾਂ ਜਾਂ ਪੁਰਾਣੇ ਗਰਬੇਜ਼ ਕੈਨਾਂ ‘ਚ ਜਾਂ ਕਿਤੇ ਵੀ ਹੋਰ ਪਾ ਕੇ ਰੱਖ ਲਉ।

### ਕਦਮ ਤਿੰਨ
ਜਦੋਂ ਵੀ ਤੁਸੀਂ ਭੋਜਨ ਦਾ ਫੋਕਟ ਅਤੇ ਯਾਰਡ ਦੀ ਕਾਂਟਛਾਂਟ (ਹਰੀ) ਦੀ ਤਹਿ ਬਣਾਓ ਤਾਂ ਯਕੀਨੀ ਬਣਾਉ ਕਿ ਉਸ ਨੂੰ ਪੱਤਿਆਂ (ਭੂਰੀ ਤਹਿ) ਅਤੇ ਕੁਝ ਮਿੱਟੀ ਹੋ ਸਕਦੀ ਹੈ, ਉਸ ਨਾਲ ਢੱਕੋ। ਇਹ ਬਦਬੂ ਅਤੇ ਮੱਖੀਆਂ ਨੂੰ ਰੋਕਦੀ ਹੈ।

### ਕਦਮ ਚਾਰ – ਬਹੁਤ ਜ਼ਰੂਰੀ
ਕੰਪੋਸਟਰ ਵਿਚਲੇ ਮਾਦੇ ਨੂੰ ਅਕਸਰ ਰਲਾਉ (ਹਰੇਕ ਕੁਝ ਹਫਤਿਆਂ ਬਾਦ ਘੱਟੋ ਘੱਟ ਇਕ ਵਾਰੀ)। ਇਸ ਨਾਲ ਹਵਾ ਲੱਗਦੀ ਹੈ ਅਤੇ ਇਹ ਕੰਪੋਸਟ ਨੂੰ ਫਿਰ ਕੰਮ ਕਰਨ ਲਾ ਦਿੰਦੀ ਹੈ। ਪੁਰਾਣੇ ਪਦਾਰਥਾਂ ਨੂੰ ਨਵੇਂ ਪਦਾਰਥਾਂ ਨਾਲ ਰਲਾ ਦਿਉ ਤਾਂ ਕਿ ਗਾਲਾ ਛੇਤੀ ਪਵੇ। ਜਦੋਂ ਤੱਕ ਮੁੱਕ ਨਹੀਂ ਜਾਂਦੇ, ਸਿਟੀ ਵੱਲੋਂ ਕੰਪੋਸਟਰਾਂ ਦੇ ਨਾਲ ਇਕ ਏਅਰੇਟਰ (ਰਲਾਉਂਣ ਵਾਲਾ) ਮੁਫਤ ਦਿੱਤਾ ਜਾ ਰਿਹਾ ਹੈ, ਪਰੰਤੂ ਏਅਰਟਰ ਤੁਸੀਂ ਕਿਸੇ ਸਮੇਂ ਵੀ ਸਿਟੀ ਫਾਰਮਰ (604-736-2250 ਕੇਵਲ ਅੰਗਰੇਜ਼ੀ ‘ਚ) ਤੋਂ ਖਰੀਦ ਸਕਦੇ ਹੋ।

### ਕਦਮ ਪੰਜ
ਕੰਪੋਸਟ ਵਿਚਲੀ ਸਿੱਲ੍ਹ ਦੀ ਮਾਤਰਾ ਨਿਚੋੜੇ ਗਏ ਪੋਣੇ (ਡਿਸ਼ ਰੈਗ) ਵਰਗੀ ਹੋਣੀ ਚਾਹੀਦੀ ਹੈ। ਪਾਣੀ ਕੇਵਲ ਤਾਂ ਹੀ ਪਾਉ

ਜੇਕਰ ਢੇਰ ਰਲਾਉਂਣ ਤੋਂ ਮਗਰੋਂ ਵੀ ਬਹੁਤ ਸੁੱਕਾ ਹੋਵੇ।

**ਕਦਮ ਛੇ**

ਕੰਪੋਸਟ ਦਾ ਢੇਰ ਸੁੰਗੜੇਗਾ। ਜਿੰਨਾਂ ਚਿਰ ਕੰਪੋਸਟਰ ਤਕਰੀਬਨ ਪੂਰਾ ਭਰ ਨਹੀਂ ਜਾਂਦਾ, ਉਨਾਂ ਚਿਰ ਪਾਉਂਣਾ ਤੇ ਰਲਾਉਂਣਾ ਜਾਰੀ ਰੱਖੋ। ਹਰੇਕ ਛੇ ਤੋਂ ਬਾਰਾਂ ਮਹੀਨਿਆਂ ਬਾਦ ਕੰਪੋਸਟ ਕੱਢ ਲੈਣੀ ਚਾਹੀਦੀ ਹੈ।

**ਕਦਮ ਸੱਤ**

ਕੰਪੋਸਟ ਆਮ ਕਰਕੇ ਉਦੋਂ ਵਰਤਣ ਲਈ ਤਿਆਰ ਹੁੰਦੀ ਹੈ ਜਦੋਂ ਇਹ ਗਲ਼ੀ ਮਿੱਟੀ ਵਰਗੀ ਵਿਖਾਈ ਦੇਣ ਲੱਗੇ (ਤਕਰੀਬਨ ਛੇ ਤੋਂ ਅੱਠ ਮਹੀਨਿਆਂ ਬਾਦ)।

**http://homepage.mac.com/cityfarmer/PhotoAlbum24.html** 'ਤੇ ਕੰਪੋਸਟਿੰਗ ਦੀਆਂ ਹਦਾਇਤਾਂ ਕਦਮ-ਦਰ-ਕਦਮ ਫੋਟੋਆਂ ਰਾਹੀਂ ਵੀ ਦਿੱਤੀਆਂ ਗਈਆਂ ਹਨ (ਕੇਵਲ ਅੰਗਰੇਜ਼ੀ)।

ਅਤੇ ਯਾਰਡ ਦੇ ਕੁਦਰਤੀ ਢੰਗ ਨਾਲ ਸਾਂਭ-ਸੰਭਾਲ ਦੇ ਸਮੁੱਚੇ ਵਿਸ਼ੇ ਬਾਰੇ ਜਾਣਕਾਰੀ
**grownatural.ca** 'ਤੇ (ਕੇਵਲ ਅੰਗਰੇਜ਼ੀ) 'ਚ ਦਿੱਤੀ ਗਈ ਹੈ।